# ਸੁਰਿੰਦਰ ਰਾਮਪੁਰੀ

ਮੈਂ ਥੋਨੂੰ ਆਪਣੇ ਬਾਰੇ ਦੱਸਦਾਂ, ਮੈਂ ਪੰਜਾਬ ਗੌਰਮਿੰਟ ਦੇ ਇੰਡਸਟਰੀ ਡਿਪਾਰਟਮੈਂਟ ਚ ਨੌਕਰੀ ਕੀਤੀ ਤੇ ਮੈਂ 2007 ਚ ਰੀਟਾਇਰ ਹੋਇਆਂ। 40 ਸਾਲ ਦੀ ਮੈਂ ਨੌਕਰੀ ਕੀਤੀ। ਪਿੰਡ ਦੇ ਨਾਲ ਸਾਹਿਤ ਦੇ ਨਾਲ ਲਗਾਅ ਦਾ ਹੀ ਕਾਰਨ ਸੀ ਕਿ ਮੈਂ ਸ਼ਹਿਰ ਚ ਨਹੀਂ ਰਿਹਾ। ਬਹੁਤੀ ਮੇਰੀ ਸਰਵਿਸ ਲੁਧਿਆਣੇ ਰਹੀ ਐ, ਹੁਸ਼ਿਆਰਪੁਰ ਮੈਂ ਕੁਛ ਸਮਾਂ ਰਿਹਾਂ, ਨਕੋਦਰ ਰਿਹਾਂ, ਗੋਬਿੰਦਗੜ ਰਿਹਾਂ, ਪਰ ਮੈਂ ਆਪਣੇ ਘਰ ਆ ਜਾਂਦਾ ਸੀ। ਇੱਕ ਸਭਾ ਦਾ ਮੋਹ ਸੀ, ਇੱਕ ਮੇਰੀ ਆਪਣੀ ਮਾਂ ਦਾ ਮੋਹ ਸੀ। ਇਹਨਾਂ ਦੋਹਾਂ ਮੋਹਾਂ ਨੂੰ, ਦੋਹਾਂ ਮਾਵਾਂ ਨੂੰ, ਮਾਂ ਈ ਸਮਝੋ, ਸਭਾ ਵੀ ਮਾਂ ਈ ਸੀ, ਉਹ ਵੀ ਮਾਂ ਸੀ, ਇਹਨਾਂ ਦੇ ਮੋਹ ਕਰਕੇ ਮੈਂ ਲੁਧਿਆਣੇ ਨੀ ਰਿਹਾ, ਕਿਤੇ ਬਾਹਰ ਨਹੀਂ ਰਿਹਾ, ਐਸੇ ਘਰ ਚ ਈ ਅਸੀਂ ਰਹੇ ਆਂ ਤੇ ਬੇਟਾ ਵੀ ਕਹਿੰਦਾ ਪਾਪਾ ਆਪਾਂ ਏਥੇ ਈ ਰਹਿਣਾ। ਇਹੀ ਗੱਲ ਕਰਕੇ ਜਦੋਂ ਅਸੀਂ ਸਾਹਿਤ ਨਾਲ ਜਾਂ ਕਿਸੇ ਸੰਸਥਾ ਨਾਲ ਜੁੜ ਜਾਨੇ ਆਂ ਅੰਦਰੋਂ, ਫਿਰ ਅਸੀਂ ਉਹਤੋਂ ਦੂਰ ਨਹੀਂ ਹੋ ਸਕਦੇ। ਮੈਂ 70 ਤੋਂ ਲੈ ਕੇ ਹੁਣ ਤੱਕ ਜੋ ਕੁਛ ਲਿਖ ਸਕਿਆ, 2007 ਤੱਕ ਮੈਂ ਤਕਰੀਬਨ 6 ਕਿਤਾਬਾਂ ਲਿਖੀਆਂ। ਰਟਾਇਰਮਿੰਟ ਤੋਂ ਬਾਅਦ ਸੱਤ ਸਾਲਾਂ ਚ ਮੇਰੀਆਂ ਤਿੰਨ ਪੁਸਤਕਾਂ ਛਪ ਗਈਆਂ, ਇੱਕ ਅਗਲੇ ਮਹੀਨੇ ਛਪ ਕੇ ਆ ਜਾਏਗੀ। ਇਹੀ ਗੱਲ ਐ ਬਈ ਅਸੀਂ ਨਿੱਠ ਕੇ ਕੰਮ ਕਰਦੇ ਆਂ।

ਪੰਜਾਬੀ ਲਿਖਾਰੀ ਸਭਾ ਰਾਮਪੁਰ ਦਾ ਇਤਿਹਾਸ ਬਹੁਤ ਪੁਰਾਣਾ, ਜਦੋਂ ਇਹ ਸਭਾ 7 ਅਗਸਤ 1953 ਨੂੰ ਸਾਡੇ ਮੋਢੀ ਲੇਖਕਾਂ ਨੇ ਸ਼ੁਰੂ ਕੀਤੀ ਸੀ, ਉਦੋਂ ਤਾਂ ਮੇਰੀ ਉਮਰ ਵੀ ਮਸਾਂ ਚਾਰ ਕੁ ਸਾਲ ਦੀ ਸੀ, ਪਰ ਉਦੋਂ ਤੋਂ ਹੀ ਸਾਡੇ ਪਿੰਡ ਦੇ ਲੇਖਕ ਸਭਾਵਾਂ ਦੇ ਵਿੱਚ ਕੰਮ ਕਰਦੇ ਨੇ, ਸੁਰਜਤਿ ਰਾਮਪੁਰੀ ਦੇ ਦੱਸਣ ਅਨੁਸਾਰ ਜੋ ਸਾਨੂੰ ਪਤਾ ਲੱਗਿਆ ਇਸ ਸਭਾ ਦੇ ਆਰੰਭ ਹੋਣ ਤੋਂ ਪਹਿਲਾਂ ਲੁਧਿਆਣੇ ਵਿਖੇ ਅੰਜੋਮਨ ਤਰੱਕੀ ਪਸੰਦ ਮਸੰਨਥੀਨ ਦੀ ਮੀਟਿੰਗ ਹੁੰਦੀ, ਇਥੋਂ ਗੁਰਚਰਨ ਰਾਮਪੁਰੀ, ਸੁਰਜੀਤ ਰਾਮਪੁਰੀ, ਸੰਤੋਖ ਸਿੰਘ ਧੀਰ ਦੀ ਤੇ ਜਸਵੰਤ ਸਿੰਘ ਕੰਵਲ ਵੀ ਤੇ ਅਜਾਇਬ ਸਿੰਘ ਚਿਤਰਕਾਰ ਵੀ ਉਥੇ ਇਕੱਠੇ ਹੁੰਦੇ ਸੀ। ਫਿਰ ਸੁਰਜੀਤ ਸਿੰਗ ਰਾਮਪੁਰੀ ਹੁਣਾਂ ਨੂੰ ਫੁਰਨਾ ਫੁਰਿਆ ਕਿ ਜੇ ਇਹ ਸਭਾ ਏਥੇ ਚੱਲ ਸਕਦੀ ਹੈ। ਇਹ ਮੁਖ ਤੌਰ ਤੇ ਉਰਦੂ ਦੀ ਸਭਾ ਹੈ, ਅਸੀਂ ਏਨੇ ਬੰਦੇ ਪਿੰਡੋਂ ਆਉਨੇ ਆਂ ਲੁਧਿਆਣੇ, ਅਸੀਂ ਆਪਣੇ ਪਿੰਡ ਪੰਜਾਬੀ ਦੀ ਸਭਾ ਕਿਉਂ ਨਾ ਬਣਾ ਲਈਏ। ਉਹਨਾਂ ਨੇ ਪੰਜਾਬੀ ਨੇ ਪੰਜਾਬੀ ਲਖਾਰੀ ਸਭਾ ਰਾਮਪੁਰ ਦੀ ਸਥਾਪਨਾ ਕੀਤੀ, 7 ਅਗਸਤ 1953 ਨੂੰ, ਆਹ ਨਹਿਰ ਤੇ ਜਿਹੜਾ ਦੇਖਿਆ ਤੁਸੀਂ ਰੈਸਟ ਹਾਊਸ ਤੇ ਸਾਡਾ, ਜਿਹੜਾ ਧੁਪਘੜੀ ਤੁਸੀਂ ਦੇਖ ਕੇ ਆਏ ਓ। ਉਥੇ ਧੁੱਪਘੜੀ ਦੇ ਨਾਲ ਈ 7 ਅਗਸਤ 1953 ਨੂੰ ਇਸ ਦੀ ਸਥਾਪਨਾ ਹੋਈ ਸੀ। ਇਹਦੇ ਵਿੱਚ ਪਹਿਲੇ ਦਿਨ ਅੱਠ ਲੇਖਕ ਸ਼ਾਮਿਲ ਹੋਏ ਸੀ, ਜਿਹਦੇ ਵਿਚੋਂ ਛੇ ਲੇਖਕ ਇਸ ਪਿੰਡ ਨਾਲ ਸੰਬੰਧਿਤ ਸੀ। ਮੈਂ 75 ਦੇ ਕਰੀਬ ਕਹਾਣੀਆਂ ਲਿਖਣ ਲੱਗਿਆ। ਸਾਡੇ ਨੇੜੇ ਈ ਅੰਮ੍ਰਿਤ ਰਾਮਪੁਰੀ, ਪਿੱਛੇ ਘਰ ਆ ਉਹਨਾਂ ਦਾ ਰਹਿੰਦੇ ਸੀ, ਉਹ ਸਭਾ ਚ ਮੈਥੋਂ ਪਹਿਲਾਂ ਜਾਣ ਲੱਗੇ। ਉਹੀ ਇੱਕ ਦਿਨ ਮੈਨੂੰ ਸਭਾ ਚ ਲੈ ਗਏ। ਉਥੇ ਸਾਡੇ ਨਵਿਆਂ ਚੋਂ ਗੁਰਦਿਆਲ ਲਾਲ ਫਿਰ ਗੁਰਪਾਲ ਲਿੱਟ ਵੀ ਆਉਂਦੇ ਸੀ। ਅਸੀਂ ਫਿਰ ਮਿਥ ਮਿਥ ਕੇ ਕਹਾਣੀਆਂ ਲਿਖ ਕੇ, ਨਿੱਠ ਨਿੱਠ ਕੇ ਲਿਖਣ ਲੱਗੇ। ਤੇ ਪਹਿਲੀ ਦਫਾ ਜਦੋਂ ਮੈਂ ਸਭਾ ਚ ਗਿਆ, ਪਹਿਲਾਂ ਵੀ ਤੁਹਾਨੂੰ ਦੱਸਿਆ, ਧੀਰ ਸਾਹਿਬ ਵੀ ਸੀ ਉਥੇ, ਸੱਜਣ ਗਰੇਵਾਲ ਸੀ, ਅਜਾਇਬ ਚਿਤਰਕਾਰ ਸੀ, ਹਸਨਪੁਰੀ ਸੀ ਤੇ ਆਪਣੇ ਸੁਰਜੀਤ ਰਾਮਪੁਰੀ, ਸੁਖਵਿੰਦਰ ਰਾਮਪੁਰੀ ਸਾਰੇ ਸੀਗੇ। ਉਦੋਂ

ਤੋਂ ਜਾਣ ਤੋਂ ਬਾਅਦ ਮੈਂ ਸਭਾ ਦਾ ਈ ਹੋ ਕੇ ਰਹਿ ਗਿਆ। ਮੈਂ ਹੁਣ ਤੱਕ ਸ਼ਾਇਦ ਹੀ ਕੋਈ ਸਭਾ ਦੀ ਮੀਟਿੰਗ ਮਿਸ ਕੀਤੀ ਹੋਊ ਤੇ ਉਦੂੰ ਬਾਅਦ ਕਾਫੀ ਲੰਬਾ ਸਮਾਂ ਮੈਨੂੰ ਸਭਾ ਨੇ ਜਨਰਲ ਸਕੱਤਰ ਦੀਆਂ ਜਿੰਮੇਵਾਰੀਆਂ ਦਿੱਤੀਆਂ, ਫਿਰ ਹੁਣ ਮੈਂ ਪਿਛਲੇ ਕਾਫੀ ਸਮੇਂ ਤੋਂ ਪ੍ਰਧਾਨ ਦੀਆਂ ਜਿੰਮੇਵਾਰੀਆਂ ਨੇ। ਇੱਦੂ ਪਹਿਲਾਂ ਹਰਚਰਨ ਮਾਂਗਟ ਜੀ ਲਾਇਬਰੇਰੀ ਖੋਲਦੇ ਸੀਗੇ, ਉਹਨਾਂ ਦੀ ਡੈਥ ਤੋਂ ਬਾਅਦ ਮੈਂ ਲਾਇਬਰੇਰੀ ਖੋਲਦਾਂ ਸ਼ਾਮ ਨੂੰ। ਸਾਥੀ ਨਿਰੰਜਨ ਸਿੰਘ ਜੀ ਇਸ ਸਭਾ ਦੇ ਲੰਬਾ ਸਮਾਂ ਜਨਰਲ ਸਕੱਤਰ ਰਹੇ, ਉਸ ਸਮੇਂ ਦੌਰਾਨ ਸਭਾ ਨੇ ਕੁਝ ਨਵੀਆਂ ਪਿਰਤਾਂ ਪਾਈਆਂ। ਇੱਕ ਪਿਰਤ ਸਭਾ ਨੇ ਇਹ ਵੀ ਪਾਈ ਕਿ ਉਸ ਸਮੇਂ ਦੌਰਾਨ ਤੁਸੀਂ ਜਦੋਂ ਦੇਖੋ ਪਚਵੰਜਾ ਦੇ ਵਿੱਚ, 56 ਦੇ ਵਿੱਚ ਆਉਣ ਜਾਣ ਦੇ ਸਾਧਨ ਕਿੰਨੇ ਕੁ ਹੁੰਦੇ ਸੀ, ਇਸ ਸਭਾ ਨੇ ਡਾਕ ਮੈਂਬਰਸ਼ਿਪ ਦੀ ਰੀਤ ਚਲਾਈ। ਡਾਕ ਮੈਂਬਰ ਬਣ ਕੇ ਆਪਣੀ ਫੀਸ ਭਰ ਕੇ ਕੋਈ ਮੈਂਬਰ ਆਪਣੀ ਰਚਨਾ ਭੇਜਦਾ ਸੀ ਤੇ ਮੌਕੇ ਦੇ ਜਨਰਲ ਸਕੱਤਰ ਸਾਹਿਬ ਉਹਦੀਆਂ ਜਿਹੜੀਆਂ ਟਿੱਪਣੀਆਂ ਹੁੰਦੀਆਂ ਸੀ, ਸਭਾ ਦੇ ਮੈਂਬਰਾਂ ਦੀਆਂ ਉਹ ਸਾਰੀਆਂ ਉਹਨੂੰ ਨੋਟ ਕਰਕੇ ਭੇਜਦੇ ਸੀ। ਜਿਵੇਂ ਤੁਸੀਂ ਭਾਵੇਂ ਹੁੰਦਲ ਸਾਹਿਬ ਨੂੰ ਪੁੱਛ ਸਕਦੇ ਓ, ਆਤਮ ਰਾਹੀ ਚਲਾਣਾ ਕਰ ਗਏ ਨੇ, ਉਹ ਇਹ ਕਹਿੰਦੇ ਹੁੰਦੇ ਸੀ ਮੈਨੂੰ ਵੀ ਕਿਹਾ ਉਹਨਾਂ ਨੇ ਬਈ ਜੇ ਥੋਡੇ ਪਿੰਡ ਦੀ ਸਭਾ ਨਾ ਹੁੰਦੀ ਤੇ ਉਹਦੇ ਡਾਕ ਮੈਂਬਰ ਨਾ ਹੁੰਦੇ ਤਾਂ ਸ਼ਾਇਦ ਮੈਂ ਲੇਖਕ ਈ ਨਾ ਬਣ ਸਕਦਾ।

ਇੱਕ ਇਹ ਸਭਾ ਨੇ ਕਿਤਾਬਾਂ ਤੋਂ ਬਿਨਾ ਇਨਾਮ ਦੇਣੇ ਸ਼ੁਰੂ ਕੀਤੇ। ਹੁਣ ਤੱਕ ਅਸੀਂ 5 ਇਨਾਮ ਦਿੰਨੇ ਆਂ, ਪਹਿਲਾ ਇਨਾਮ ਸ਼ੁਰੂ ਕੀਤਾ ਸੀ ਲਾਭ ਸਿੰਘ ਚਾਤ੍ਰਿਕ ਜੀ ਬਾਰੇ, ਸਾਡੇ ਪਿੰਡ ਦੇ ਲੇਖਕ ਹੋਏ ਆ, ਸੁਰਜੀਤ ਦੇ ਹਾਣੀ ਸੀਗੇ। ਸਰਦਾਰ ਅਲਬੇਲ ਸਿੰਘ ਮਾਂਗਟ ਸਰਪੰਚ ਰਹੇ ਨੇ, ਉਹਨਾਂ ਦੇ ਪਿਤਾ ਜੀ ਸੀਗੇ, ਉਹ ਕਵੀਸ਼ਰੀ ਕਰਦੇ ਸੀ, ਉਹਨਾਂ ਦੀ ਅਸੀਂ ਕਿਤਾਬ ਵੀ ਛਾਪੀ ਆ ਪਿੱਛੇ ਜਿਹੇ ਅਕਾਸ਼, ਉਹਨਾਂ ਦੇ ਨਾਂ ਤੇ ਇਨਾਮ ਦਿੰਨੇ ਆ, ਹੋਰ ਅਸੀਂ 4 ਇਨਾਮ ਹੋਰ ਦਿੰਨੇ ਆਂ, ਗੋਸ਼ਟੀਆਂ ਕਰਦੇ ਆਂ, ਸੈਮੀਨਾਰ ਰਚਾਉਨੇ ਆਂ, ਇਸ ਤਰਾਂ ਦੇ ਕੰਮ ਸਭਾ ਕਰਦੀ ਐ।

ਇਸੇ ਤਰਾਂ ਮੁੱਢ ਤੋਂ ਹੀ ਸਭਾ ਚੰਗੀਆਂ ਪੁਸਤਕਾਂ ਬਾਰੇ ਗੋਸ਼ਟੀਆਂ ਕਰਾਉਂਦੀ ਆ, ਆਪਣੇ ਲੇਖਕਾਂ ਬਾਰੇ ਵੀ ਤੇ ਦੂਸਰੇ ਲੇਖਕਾਂ ਦੀਆਂ ਪੁਸਤਕਾਂ ਤੇ ਵੀ ਗੋਸ਼ਟੀਆਂ ਕਰਵਾਈਆਂ ਨੇ, ਕਵੀ ਦਰਬਾਰ ਹੋਏ ਨੇ। ਪਹਿਲਾਂ ਪਹਿਲ ਜਦੋਂ ਦੀ ਮੈਂ ਸੁਰਤ ਸੰਭਾਲੀ ਐ, ਉਦੋਂ ਵੀ ਭਾਈ ਗੁਰਸ਼ਰਨ ਸਿੰਘ ਹੋਰੀਂ ਹਰ ਸਾਲ ਏਥੇ ਆ ਕੇ ਡਰਾਮੇ ਕਰਦੇ ਰਹੇ ਨੇ। ਉਹਨਾਂ ਦਾ ਇਕ ਬਹੁਤ ਮਸ਼ਹੂਰ ਡਰਾਮਾ ਐ 'ਧਮਕ ਨਗਾਰੇ ਦੀ', ਉਹਨਾਂ ਨੇ ਕਿਹਾ ਬਈ ਕਿਸੇ ਪਿੰਡ ਚ, ਇਹ ਡਰਾਮਾ ਪਹਿਲੀ ਵਾਰ ਮੈਂ ਰਾਮਪੁਰ ਵਿੱਚ ਖੇਡ ਰਿਹਾਂ, ਮੇਰਾ ਖਿਆਲ ਐ ਕੋਈ 15000 ਤੋਂ ਬਾਅਦ ਬੰਦਾ ਬੈਠਾ ਹੋਣਾ ਜਦੋਂ ਦੇਖਦੇ ਸੀਗੇ। ਫਿਰ ਜਦੋਂ ਪੰਜਾਬ ਵਿੱਚ ਅੱਤਵਾਦ ਦੀ ਹਨੇਰੀ ਚੱਲੀ, ਉਸ ਸਮੇਂ ਤੋਂ ਬਾਅਦ ਅਸੀਂ ਰਾਤ ਦੇ ਡਰਾਮੇ ਕਰਾਉਣੇ ਬੰਦ ਕਰ ਦਿੱਤੇ। ਹੁਣ ਅਸੀਂ ਜਿੰਨੇ ਪ੍ਰੋਗਰਾਮ ਕਰਾਉਨੇ ਆਂ ਦਿਨੇ ਈ ਕਰਾਉਨੇ ਆਂ, ਹੁਣ ਰਾਤ ਨੂੰ ਲੋਕਾਂ ਨੂੰ ਟੈਲੀਵਿਯਨ ਵਗੈਰਾ ਦਾ ਵੀ ਰੁਝਾਨ ਹੋ ਗਿਆ। ਉਦੋਂ ਸੋਰਸ ਤਾਂ ਹੈਨੀ ਸੀ, ਬਹੁਤ ਇਕੱਠ ਹੋ ਜਾਂਦਾ ਸੀ। ਬਹੁਤ ਲੋਕ ਹੁੰਦੇ ਸੀ,ਕਵੀ ਦਰਬਾਰ ਚ ਕੋਲ ਕਵਿਤਾ ਵੀ ਪੜਦੇ ਸੀ, ਗਾਉਣਾ ਵੀ, ਨਾਲੇ ਗਾਉਂਦੇ ਸੀ ਤੇ ਭਾਈ ਗੁਰਸ਼ਰਨ ਸਿੰਘ ਹੁਣੀਂ ਡਰਾਮੇ ਕਰਦੇ ਸੀ। ਇਹ ਇੱਕ ਰੁਟੀਨ ਸੀ ਜੋ ਕਿੰਨੇ ਵਰੇ ਚੱਲਦਾ ਰਿਹਾ ਤੇ ਹੁਣ ਅਸੀਂ ਕਿਤਾਬਾਂ ਤੇ ਗੋਸ਼ਟੀਆਂ ਕਰਾਉਂਨੇ ਆਂ। ਪਿਛੇ ਜਿਹੇ ਗੁਰਲਾਲ ਲਾਲ ਦੀ ਕਿਤਾਬ ਤੇ 'ਪੈੜਾਂ' ਤੇ ਗੋਸ਼ਟੀ ਕਰਾ ਕੇ ਹਟੇ ਆਂ, ਪਿਛਲੇ

ਮਹੀਨੇ ਤੇ ਹਰ ਸਾਲ ਪੰਜ ਸਾਹਿਤਕ ਇਨਾਮ ਦਿੰਨੇ ਆਂ ਤੇ ਆਪਣੇ ਪੁਰਾਣੇ ਲੇਖਕਾਂ ਨੂੰ ਵੀ ਯਾਦ ਕਰਦੇ ਆਂ। ਨਵੀਂ ਪੀੜੀ ਨੂੰ ਵੀ ਉਤਸ਼ਾਹਿਤ ਕਰਦੇ ਆਂ। ਤੁਸੀਂ ਸਾਡੀ ਮੀਟਿੰਗ ਚ ਆਓਗੇ, ਦੇਖੋਗੇ, ਅਸੀਂ ਮੇਜ ਦੇ ਆਲੇ ਦੁਆਲੇ ਬਹਿ ਕੇ, ਜਦੋਂ ਕੋਈ ਰਚਨਾ, ਸਾਡੀ ਇਹ ਪਰੰਪਰਾ ਐ, ਕੋਈ ਇੱਕ ਬੰਦਾ ਰਚਨਾ ਪੜਦਾ ਐ, ਜਿੰਨੇ ਬੰਦੇ ਬੈਠੇ ਨੇ, ਭਾਵੇਂ ਕੋਈ ਨਵਾਂ ਐ, ਪੁਰਾਣਾ ਐ, ਉਹਨਾਂ ਨੇ ਆਪਣੀ ਟਿੱਪਣੀ ਦੇਣੀ ਐ। ਹਰੇਕ ਬੰਦੇ ਨੇ ਕਹਿਣਾ ਇਹਦੇ ਚ ਕੀ ਚੰਗਾ ਏ, ਕੀ ਮਾੜਾ ਐ। ਇਸੇ ਕਰਕੇ ਦੂਰ ਦੁਰਾਡੇ ਤੋਂ ਲੋਕ ਏਥੇ ਆਉਂਦੇ ਨੇ ਬਈ ਓਥੇ ਸਾਡੀ ਰਚਨਾ ਨਿੱਖਰ ਜੂਗੀ। ਸਿਰਫ ਪ੍ਰਸੰਸਾ ਨਹੀਂ ਕੀਤੀ ਜਾਂਦੀ। ਜੇ ਕੋਈ ਨੁਕਸ ਐ, ਬੇਬਾਕ ਹੋ ਕੇ ਨੁਕਸ ਦੱਸਿਆ ਜਾਂਦਾ ਤੇ ਲੋਕ ਬਾਹਰ ਜਾ ਕੇ ਦੱਸਦੇ ਨੇ ਬਈ ਇਸ ਚ ਨੁਕਸ ਨਹੀਂ ਰਿਹਾ ਹੋਣਾ ਹੁਣ ਕੋਈ ਕਿਉਂਕਿ ਇਹ ਤਾਂ ਰਾਮਪੁਰ ਪੜੀ ਹੋਈ ਆ ਤੇ ਠੀਕ ਹੈ ਇਥੋਂ ਸ਼ੁਰੂ ਚ ਸੰਤੋਖ ਸਿੰਘ ਧੀਰ ਜੀ, ਜਿਹੜੇ ਤੁਸੀਂ ਜਾਣਦੇ ਹੋ ਕਿਡੇ ਵੱਡੇ ਲੇਖਕ ਸੀ, ਉਹ ਇਸਦੇ ਮੈਂਬਰ ਰਹੇ ਨੇ, ਜਦੋਂ ਮੈਂ ਆਉਣਾ ਸ਼ੁਰੂ ਕੀਤਾ 75-76 ਵਿੱਚ ਉਦੋਂ ਸੰਤੋਖ ਸਿੰਘ ਧੀਰ ਵੀ ਆਉਂਦੇ ਸੀ, ਅਜਾਇਬ ਚਿਤਰਕਾਰ ਵੀ, ਸੱਜਣ ਗਰੇਵਾਲ ਤੇ ਇੰਦਰਜੀਤ ਹਸਨਪੁਰੀ। ਇੰਦਰਜੀਤ ਹਸਨਪੁਰੀ ਤੇ ਅਜਾਇਬ ਚਿਤਰਕਾਰ ਸਾਡੇ ਪ੍ਰਧਾਨ ਵੀ ਰਹੇ ਨੇ। ਸੁਰਜੀਤ ਮਰਿਆੜਾ ਜੀ ਸਾਡੇ ਪ੍ਰਧਾਨ ਰਹੇ ਨੇ। ਇਹ ਸਾਰੇ ਬੰਦੇ, ਇਹ ਸਾਰੇ ਮੈਂਬਰ ਲਿਖਾਰੀ ਐਥੋਂ ਉਠੇ ਨੇ। ਨਵਿਆਂ ਦੇ ਵਿਚੋਂ ਮੇਰੀ ਪੀੜੀ ਵਿੱਚੋਂ ਸਾਡਾ ਸਮਰੱਥ ਕਹਾਣੀਕਾਰ ਆ ਗੁਪਾਲ ਲਿੱਟ, ਗੁਰਦਿਆਲ ਦਲਾਲ ਜੀ ਨੇ, ਅੰਮ੍ਰਿਤ ਰਾਮਪੁਰੀ ਸੀ। ਮੇਰੀਆਂ 5 ਕਿਤਾਬਾਂ ਛਪ ਗਈਆਂ ਕਹਾਣੀ ਦੀਆਂ ਤੇ ਇਸੇ ਤਰਾਂ ਸ਼ਾਇਰਾਂ ਦੇ ਵਿਚੋਂ ਪਹਿਲੀ ਪੀੜੀ ਤੋਂ ਬਾਅਦ ਸੁਖਵਿੰਦਰ ਰਾਮਪੁਰੀ ਜੀ ਆਏ, ਜੀਵਨ ਰਾਮਪੁਰੀ ਜੀ ਆਏ। ਨਾਲ ਦੇ ਪਿੰਡਾਂ ਵਿਚੋਂ ਕੁਲਵੰਤ ਨੀਲੋਂ, ਮੇਜਰ ਮਾਂਗਟ ਕੁੱਬੇ ਤੋਂ ਤੇ ਜਸਵੀਰ ਬੁਆਣੀ ਤੋਂ ਤੇ ਇਸੇ ਤਰਾਂ ਕਨੇਚ ਤੋਂ ਸਾਡੇ ਸ਼ੇਰਜੰਗ ਕਨੇਚ ਵੀ ਸੀਗੇ, ਉਹ ਬਿਲਕੁਲ ਹੈਂਡੀਕੈਪਡ ਸੀਗੇ, ਤੁਰ ਨਹੀਂ ਸਕਦੇ ਸੀ, ਰਕਸ਼ਾ ਰੇੜੀ ਤੇ ਆਉਂਦੇ ਸੀਗੇ ਤੇ ਉਹ ਸਾਡੀਆਂ ਸਭਾਵਾਂ ਦੇ ਵਿੱਚ ਜਿਕਰਯੋਗ ਗੀਤਕਾਰ ਸੀਗੇ। ਤੇ ਆਲੇ ਦੁਆਲੇ ਦੇ ਏਥੋਂ ਆਪਣੇ ਮਹਿੰਦਰ ਸਿੰਘ ਕੈਦੀ ਜਟਾਣੇ ਤੋਂ ਹੁੰਦੇ ਸੀਗੇ।

ਕੈਦੀ ਸਾਹਿਬ ਬਾਰੇ ਮੈਂ ਗੱਲ ਦੱਸ ਦਿੰਨਾ ਤੁਹਾਨੂੰ ਜੇ ਤੁਸੀਂ ਸੁਣਨਾ ਚਾਹੋ। ਸਾਡੇ ਇੱਕ ਫੰਕਸ਼ਨ ਸੀਗਾ ਏਥੇ, ਉਦੋਂ ਤਾਂ ਅਸੀਂ ਛੋਟੇ ਸੀਗੇ। ਸਾਨੂੰ ਦੱਸਿਆ, ਕੈਦੀ ਸਾਹਿਬ ਨੇ ਦੱਸਿਆ, ਸੁਰਜੀਤ ਰਾਮਪੁਰੀ ਨੇ ਦੱਸਿਆ, ਕੈਦੀ ਸਾਹਿਬ ਸਾਡੇ ਕੋਲ ਅਕਸਰ ਆਉਂਦੇ ਸੀ ਏਥੇ, ਸਾਡੇ ਪ੍ਰਧਾਨ ਵੀ ਰਹੇ ਨੇ। ਉਹਨਾਂ ਨੂੰ ਗੁਰਬਖਸ਼ ਸਿੰਘ ਪ੍ਰੀਤਲੜੀ ਏਥੇ ਆਏ ਹੋਏ ਸੀ, ਸ਼ਾਮ ਦਾ ਫੰਕਸ਼ਨ ਸੀ। ਗੱਲਾਂ ਕਰਦੇ ਕਰਦੇ ਜਦੋਂ ਉਹ ਰੋਟੀ ਪਾਣੀ ਵਰਤਾਉਂਦੇ ਸੀਗੇ, ਮਹਿੰਦਰ ਸਿੰਘ ਕੈਦੀ। ਉਹ ਹਰੇਕ ਮੈਂਬਰ, ਬੰਦੇ ਨੇ ਕਹਿਣਾ ਓ ਕੈਦੀ ਯਾਰ ਮੈਨੂੰ ਰੋਟੀ ਦੇਜਾ, ਕੈਦੀ ਯਾਰ ਮੈਨੂੰ ਦਾਲ ਪਾਜਾ। ਜਦੋਂ ਰੋਟੀ ਪਾਣੀ ਖਾ ਕੇ ਵਿਹਲੇ ਹੋਏ, ਗੁਰਬਖਸ਼ ਸਿੰਘ ਪ੍ਰੀਤਲੜੀ ਨੇ ਬਿਠਾ ਲਏ ਉਹ ਬਈ ਤੁਹਾਡਾ, ਤੁਹਾਨੂੰ ਕੈਦੀ ਕਾਹਤੇ ਕਹਿੰਦੇ ਨੇ, ਕੈਦੀ ਕੀਆ? ਉਹ ਕਹਿੰਦਾ, ਹੁਣ ਤਾਂ ਜੀ ਮੈਂ ਪਿਆਰ ਦਾ ਈ ਕੈਦੀ ਆਂ, ਅੱਗੇ ਮੈਂ ਵੈਸੇ ਕੈਦੀ ਵੀ ਰਿਹਾਂ। ਉਹਨਾਂ ਨੇ ਬਿਠਾ ਕੇ ਉਹਨਾਂ ਦੀ ਕਹਾਣੀ ਸੁਣੀ ਤੇ ਉਹ ਕਹਾਣੀ ਕੈਦੀ ਕਹਾਣੀ ਗੁਰਬਖਸ਼ ਸਿੰਘ ਪ੍ਰੀਤਲੜੀ ਨੇ ਲਿਖੀ ਜਿਹੜੀ ਕਿ ਉਹਨਾਂ ਦੀ ਬਹੁਤ ਮਸ਼ਹੂਰ ਕਹਾਣੀ ਐ, ਕੋਰਸਾਂ ਚ ਲੱਗੀ ਹੋਈ ਐ, ਇਸ ਤਰਾਂ ਦੀਆਂ ਗੱਲਾਂ ਨੇ।

(ਫੋਟੋ ਦਿਖਾਉਂਦੇ ਹੋਏ) ਵੀਰ ਜੀ ਇਹ ਸਾਡੀ ਸਭਾ ਦੀ ਨਾ, ਬਹੁਤ ਪੁਰਾਣੀ ਫੋਟੋ ਐ। ਮੇਰਾ ਖਿਆਲ ਆ ਇਹ ਕਿਸੇ ਫੰਕਸ਼ਨ ਦੀ ਫੋਟੋ ਐ।

ਸਵਾਲ: ਕਿੰਨੇ ਮੈਂਬਰ ਨੇ ਤੁਹਾਡੇ? ਅੰਦਾਜਨ ਕਿੰਨੇ ਮੈਂਬਰ ਹੋਣਗੇ? ਇਹ ਤਾਂ ਇਉਂ ਲੱਗਦਾ ਜਿਵੇਂ ਕਲਾਸਰੂਮ ਹੁੰਦਾ ਵੱਡਾ।

-ਇਹ ਤਾਂ ਬਹੁਤ ਨੇ। ਇਹ ਸਾਰੇ ਬੈਠੇ ਨੇ (ਫੋਟੋ ਦਿਖਾਉਂਦੇ ਹੋਏ)

ਸ਼ਵਾਲ: ਇਹਦੇ ਚ ਕੋਈ ਨਾਮਵਰ ਬੰਦਾ?

- ਸੁਖਵਿੰਦਰ ਰਾਮਪੁਰੀ ਜੀ, ਸਾਰੇ ਪੁਰਾਣੇ, ਹਰਬੰਸ ਰਾਮਪੁਰੀ ਐ, ਗੁਰਦਿਆਲ ਐ, ਰਾਮਾ ਸਰਵਰ ਐ ਬਹੁਤ ਪੁਰਾਣੇ ਬੰਦੇ। ਇਹ ਦੁਸਾਂਝ ਜੀ ਨੇ, ਐਸ ਐਸ ਦੁਸਾਂਝ, ਇਹ ਚੰਡੀਗੜ ਵਾਲੇ, ਇਹ ਸੁਰਜੀਤ ਰਾਮਪੁਰੀ ਐ। ਇਹ ਆਪਣੇ ਧੀਰ ਸਾਹਿਬ ਨੇ, ਸਾਰੇ ਬੰਦੇ ਨੇ ਪੁਰਾਣੇ ਆਪਣੇ ਆਉਂਦੇ ਸੀਗੇ (ਫੋਟੋਆਂ ਵੱਲ ਇਸ਼ਾਰਾ ਕਰਦੇ ਹੋਏ)। ਇਹ ਮੇਰੀ ਕਿਤਾਬ ਪਤਝੜ ਮਾਰਗ ਰਲੀਜ ਕੀਤੀ ਸੀ, ਬਰਜਿੰਦਰ ਸਿੰਘ ਹਮਦਰਦ ਹੁਣੀਂ ਨੇ, ਭਾਜੀ, ਮੇਰੀ ਕਿਤਾਬ ਰਲੀਜ ਕਰਕੇ ਗਏ ਸੀਗੇ। ਆਹ ਅਸੀਂ ਸਾਫ ਸਫਾਈ ਕਰਦੇ ਹਾਂ, ਜਿਥੇ ਲਾਇਬਰੇਰੀ ਬਣੀ ਐ ਦੇਖੋ, (ਤੁਸੀਂ ਸ਼੍ਰਮ ਦਾਨ ਕੀਤਾ ਸੀ), ਇਹ ਮੱਲ ਸਿੰਘ ਰਾਮਪੁਰੀ, ਸੁਖਵਿੰਦਰ ਰਾਮਪੁਰੀ ਕਹੀ ਚਲਾ ਰਿਹਾ, ਮੈਂ ਕੋਲ ਖੜਾਂ ਇਹ ਰਾਹੀ ਰਾਮਪੁਰੀ ਐ।

ਸਵਾਲ: ਇਹ ਕਦ ਦੀ ਗੱਲ ਐ ਜੀ?

- ਇਹ ਤਾਂ ਬਹੁਤ ਪੁਰਾਣੀਆਂ ਬਾਤਾਂ ਨੇ ਜੀ, 80 ਦੇ ਨੇੜੇ ਤੇੜੇ ਦੀਆਂ ਹੋਣਗੀਆਂ, ਇਹ ਜਿਥੇ ਲਾਇਬਰੇਰੀ ਬਣੀ ਐ। ਇਹ ਰਣਧੀਰ ਸਿੰਘ ਚੰਦ ਜੀ ਨੇ, ਇਹ ਸੁਰਜੀਤ ਸਿੰਘ ਰਾਮਪੁਰੀ ਨੇ, ਇਹ ਕੁਲਬੀਰ ਸਿੰਘ ਡਾਂਗ ਨੇ, ਇਹ ਪ੍ਰੋ. ਪ੍ਰੀਤਮ ਸਿੰਘ ਪਟਿਆਲੇ ਵਾਲੇ, ਇਹ ਅਜਾਇਬ ਚਿਤਰਕਾਰ। ਇਹ ਸਾਡੇ ਪੁਰਾਣੇ ਦੋਸਤ ਮਿਤਰ ਪੁਰਾਣੇ ਪ੍ਰੋਮੀਨੈਂਟ ਰਾਈਟਰ ਸਾਡੇ ਆਉਂਦੇ ਰਹੇ ਨੇ, ਸਾਨੂੰ ਪੂਰਾ ਸਹਿਯੋਗ ਦਿੰਦੇ ਰਹੇ ਨੇ। ਇਹ 'ਕਿਥੇ ਗਏ ਉਹ ਦਿਨ' ਹਸਨਪੁਰੀ ਦੀ ਕਿਤਾਬ ਸੀਗੀ, ਅਸੀਂ ਰਲੀਜ ਕੀਤੀ ਸੀ, ਅਸੀਂ ਕੀਤੀ ਸੀ 13 ਦਸੰਬਰ 1987 ਨੂੰ, ਇਹ ਆਪਣੇ ਜੱਸੋਆਲ ਸਾਹਿਬ ਨੇ, ਇਹ ਮੈਂ ਆਂ, ਇਹ ਉਸ ਸਮੇਂ ਦੇ ਡੀ.ਸੀ ਖੁਸ਼ਮਿੰਦਰ ਸਿੰਘ ਬਰਾੜ, ਇਹ ਉਸ ਸਮੇਂ ਦੇ ਡਾਇਰੈਕਟਰ ਦਰਸ਼ਨ ਐਮ ਐਲ ਪੰਡਿਤ, ਇਹ ਹਸਨਪੁਰੀ, ਇਹ ਸੁਰਜੀਤ ਰਾਮਪੁਰੀ, ਇਹ ਪੰਜਾਬੀ ਭਵਨ ਲੁਧਿਆਣੇ ਫੰਕਸ਼ਨ ਕੀਤਾ ਸੀਗਾ।

ਸੁਰਜੀਤ ਰਾਮਪੁਰੀ ਜੀ ਸਾਡੀ ਸਭਾ ਦੇ ਪਹਿਲੇ ਪ੍ਰਧਾਨ ਸੀਗੇ, ਜਦੋਂ ਉਹਨਾਂ ਦੀ 90 ਚ ਡੈਥ ਹੋਈ ਆ ਉਦੋਂ ਵੀ ਉਹ ਪ੍ਰਧਾਨ ਸੀ ਤੇ ਵਿੱਚ ਵਿਚਾਲੇ ਪ੍ਰਧਾਨ ਬਦਲਦੇ ਰਹੇ ਨੇ, ਹਸਨਪੁਰੀ ਜੀ ਆਜਾਇਬ ਜੀ ਆਏ ਤੇ ਮਰਯਾਦਾ ਜੀ ਵੀ ਪ੍ਰਧਾਨ ਬਣੇ, ਸੁਖਵਿੰਦਰ ਰਾਮਪੁਰੀ ਬਣੇ ਤੇ ਹੁਣ ਕਾਫੀ ਦੇਰ ਤੋਂ ਮੈਂ ਪ੍ਰਧਾਨ ਆਂ। ਸੁਰਜੀਤ ਰਾਮਪੁਰੀ ਦਾ ਇੱਕ ਸ਼ੇਅਰ ਆ, ਜੀਹਤੋਂ ਤੁਸੀਂ ਪਿੰਡ ਬਾਰੇ ਜਾਣ ਸਕੋਗੇ। ਉਹ ਕਹਿੰਦੇ ਨੇ

ਜਿਹੜਾ ਪਾਣੀ ਪੀਂਦਾ, ਸ਼ਾਇਰ ਬਣ ਜਾਂਦਾ

ਇੰਨੀਆਂ ਸਖਤ ਸਜਾਵਾਂ ਮੇਰੇ ਪਿੰਡ ਦੀਆਂ

ਇਥੋਂ ਸਾਨੂੰ ਲੱਗਦਾ ਕਿ ਕੋਈ ਪਾਣੀ ਦੇ ਵਿੱਚ ਈ ਕੋਈ ਤਾਸੀਰ ਐ ਪਿੰਡ ਦੀ ਜੀਹਦੇ ਨਾਲ ਲੋਕ ਸ਼ਾਇਰੀ ਵੱਲ ਰੁਚਿਤ ਹੋ ਜਾਂਦੇ ਨੇ। ਉਹ ਕਿਤੇ ਵੀ ਰਹਿ ਸਕਦੇ ਸੀ, ਮੋਹਾਲੀ ਰਹਿ ਸਕਦੇ ਸੀ, ਪਟਿਆਲੇ ਰਹਿ

ਸਕਦੇ ਸੀ, ਪਰ ਉਹਨਾਂ ਨੇ ਇਹ ਸਮਝਿਆ ਬਈ ਮੈਂ ਜਿਥੇ ਮੈਂ ਆਪਣਾ ਸਾਹਿਤਕ ਬੂਟਾ ਲਾਇਆ ਹੋਇਆ ਰਾਮਪੁਰ, ਮੈਂ ਉਥੇ ਈ ਰਹਿਣਾ। ਸ਼ਾਮ ਨੂੰ ਅਸੀਂ ਇਕੱਠੇ ਸੈਰ ਕਰਨੀ ਤੇ ਉਹਨਾਂ ਤੋਂ ਸਿੱਖਣਾ ਕੁਛ, ਬੰਦਾ ਹਰ ਵਾਰ ਸਿੱਖਦੇ, ਉਹਨਾਂ ਨੇ ਨਵੀਆਂ ਗੱਲਾਂ ਕੁਛ ਲਿਖਣਾ, ਸਾਨੂੰ ਸ਼ਾਮ ਨੂੰ ਜਰੂਰ ਸੁਣਾਉਣੀਆਂ। ਆਪਣੀ ਕਈ ਵਾਰੀ ਦੋਸਤੀ ਦੀ ਮਹਿਫਲ ਵੀ ਲਾਉਂਦੇ ਸੀ ਸ਼ਾਮ ਨੂੰ, ਬਹਿੰਦੇ ਉਠਦੇ ਸੀ ਤੇ। ਇਹੀ ਕਾਰਨ ਐ ਕਿ ਤੁਸੀਂ ਆਪਣੇ ਜਿਥੇ ਤੁਹਾਡੀ ਕਮਿਟਮੈਂਟ ਐ, ਉਹਦੇ ਨਾਲੋਂ ਟੁੱਟ ਨਹੀਂ ਸਕਦੇ। ਦੇਖੋ ਜੇ ਤਾਂ ਅਸੀਂ ਲਿਖਾਰੀ ਸਭਾ ਰਾਮਪੁਰ ਦੀ ਗੱਲ ਕਰੀਏ, ਫਿਰ ਤਾਂ ਇਹਦੇ ਕਈ ਸੌ ਮੈਂਬਰਾਂ ਦੀ ਗੱਲ ਹੋ ਸਕਦੀ ਐ। ਦੋ ਢਾਈ ਸੌ ਤੋਂ ਉਪਰ ਮੈਂਬਰਾਂ ਦੀ ਗੱਲ ਹੋ ਸਕਦੀ ਐ। ਹਸਨਪੁਰੀ ਤੋਂ ਲੈ ਕੇ, ਧੀਰ ਸਾਹਿਬ ਤੋਂ ਲੈ ਕੇ ਨਵਿਆਂ ਤੱਕ, ਪਰ ਜਦੋਂ ਰਾਮਪੁਰ ਦੇ ਪਿੰਡ ਦੇ ਵਸੇ ਹੋਏ, ਜਿਹੜੇ ਏਥੇ ਜੰਮੇ ਪਲੇ ਨੇ, ਉਹਨਾਂ ਦੀ ਗੱਲ ਕਰੀਏ ਤਾਂ ਹੁਣ ਤੱਕ 25 ਰਾਮਪੁਰ ਦੇ ਵਸਨੀਕ ਐਸੇ ਨੇ, ਜਿੰਨਾ ਦੀ ਇੱਕ ਤੋਂ ਵੱਧ ਕਿਤਾਬ ਛਪ ਚੁੱਕੀ ਐ। ਇਹ ਇੱਕ ਪਿੰਡ ਲਈ ਮਾਣ ਦੀ ਗੱਲ ਹੁੰਦੀ ਹੈ। ਸ਼ਾਇਦ ਹੀ ਹਿੰਦੁਸਤਾਨ ਦਾ ਕੋਈ ਇਹੋ ਜਿਹਾ ਪਿੰਡ ਹੋਵੇ, ਜਿਥੋਂ ਦੇ ਵਸਨੀਕਾਂ ਦੇ, ਸ਼ਹਿਰ ਚ ਬਾਹਰੋਂ ਆ ਕੇ ਵਸ ਗਏ, ਹੋ ਸਕਦਾ, ਇਹ ਪਿੰਡ ਐ।

ਜਦੋਂ ਤੁਸੀਂ ਕੋਈ ਵੀ ਕੰਮ ਕਰਦੇ ਓ, ਕਿਸੇ ਫੀਲਡ ਚ ਵੀ, ਪਹਿਲਾਂ ਥੋੜੀ ਬਦਖੋਈ ਹੋਊਗੀ, ਕੁਝ ਸਮਾਂ, ਉਦੂੰ ਬਾਅਦ ਤੁਹਾਡੇ ਨਾਲ ਈਰਖਾ ਹੋਊਗੀ ਕੁਝ ਸਮਾਂ। ਫਿਰ ਜਦੋਂ ਤੁਸੀਂ ਉਹਨਾਂ ਦੋਹਾਂ ਚੋਂ ਨਿਕਲ ਆਏ, ਫਿਰ ਉਹੀ ਬੰਦੇ ਜਿਹੜੇ ਥੋੜੇ ਨਾਲ ਬਦਖੋਈ ਕਰਦੇ ਸੀ, ਤੁਹਾਡੇ ਨਾਲ ਈਰਖਾ ਕਰਦੇ ਸੀ, ਜਿਹੜੀ ਤੁਸੀਂ ਪੁੱਛਣਾ ਚਾਹੁੰਦੇ ਸੀ ਨਾ ਕਿ ਪਿੰਡ ਵਿੱਚ ਤੁਹਾਡੀ ਮਾਣਤਾ ਕਿੰਨੀ ਕੁ ਆ। ਪਿੰਡ ਦੇ ਵਿੱਚ ਅਕਸਰ ਚੰਗੇ ਰੂਪ ਵਿੱਚ ਲਿਖਾਰੀ ਸਭਾ ਰਾਮਪੁਰ ਨੂੰ ਲਿਆ ਜਾਂਦਾ ਤੇ ਪਿੰਡ ਨੇ ਹੀ ਰਲ ਮਿਲ ਕੇ ਸਭਾ ਦੀ ਲਾਇਬਰੇਰੀ, ਸਭਾ ਦਾ ਦਫਤਰ ਬਣਾਇਆ। ਬਹੁਤ ਘੱਟ ਸਭਾਵਾਂ ਹੋਣਗੀਆਂ, ਜਿਹਨਾਂ ਕੋਲ ਆਪਣਾ, ਆਪਣੀਆਂ ਪੇਂਡੂ ਸਭਾਵਾਂ ਹੋਣਗੀਆਂ ਬਹੁਤ ਘੱਟ, ਜਿਹਦੇ ਕੋਲ ਆਪਣਾ ਦਫਤਰ ਵੀ ਐ, ਸੈਮੀਨਾਰ ਰੂਮ ਵੀ ਐ, ਲਾਇਬਰੇਰੀ ਵੀ ਐ। ਇਹ ਸਿਰਫ ਇਸੇ ਕਰਕੇ ਆ, ਇਹਦੇ ਵਿੱਚ ਇੱਕ ਹੋਰ ਗੱਲ ਵੀ ਐ, ਜਿਹੜੀ ਸਾਥੋਂ ਸ਼ਿੱਖਕੇ ਸ਼ਾਇਦ ਕਈਆਂ ਨੇ ਅਪਣਾਈ ਵੀ ਐ। ਸਾਡੇ ਸੰਵਿਧਾਨ ਚ ਦੋ ਗੱਲਾਂ ਲਿਖੀਆਂ ਨੇ ਸਭਾ ਦੇ ਚ: ਇੱਕ ਤਾਂ ਇਹ ਸਭਾ ਕਿਸੇ ਵੀ ਰਾਜਸੀ ਪਾਰਟੀ ਨਾਲ ਸੰਬੰਧਿਤ ਨਹੀਂ ਹੋਵੇਗੀ; ਦੂਸਰੀ ਇਹ ਐ ਬਈ ਪਿੰਡ ਦਾ ਜਿਹੜਾ ਸਰਪੰਚ ਐ, ਉਹ ਕਿਸੇ ਵੀ ਪਾਰਟੀ ਦਾ ਹੋਵੇ, ਉਹ ਸਾਡਾ ਸਰਪਰਸਤ ਹੋਵੇਗਾ। ਜਦੋਂ ਪਿੰਡ ਨੇ, ਪਾਰਟੀ ਕੋਈ ਐ, ਪਿੰਡ ਨੇ ਇੱਕ ਸਰਪੰਚ ਚੁਣ ਲਿਆ।ਜੇ ਤਾਂ ਅਸੀਂ ਪਾਰਟੀ ਇੱਕ ਨਾਲ ਸੰਬੰਧਿਤ ਹੋਵਾਂਗੇ, ਫਿਰ ਸਾਡਾ ਵਿਰੋਧ ਹੋਵੇਗਾ, ਪਰ ਅਸੀਂ ਉਸੇ ਸਰਪੰਚ ਨੂੰ ਆਪਣਾ ਸਰਪਰਸਤ ਬਣਾਉਨੇ ਆਂ, ਇਸੇ ਕਾਰਨ ਕਰਕੇ ਪਿੰਡ ਦੇ ਵਿੱਚ ਸਾਡੀ ਸਾਂਝ ਪੈਂਦੀ ਐ, ਪੰਚਾਇਤ ਮੈਂਬਰ, ਸਰਪੰਚ ਸਾਡੇ ਨਾਲ ਜੁੜਦੇ ਨੇ, ਅਸੀਂ ਉਹਨਾਂ ਨਾਲ ਜੁੜਦੇ ਆਂ। ਹਾਲੇ ਤੱਕ ਵੀ ਜਿਹੜੀ ਸਾਡੀ ਲਾਇਬਰੇਰੀ ਆ ਤੇ ਆਪਣਾ ਸੈਮੀਨਾਰ ਰੂਮ ਐ, ਭਾਵੇਂ ਹੈ ਤਾਂ ਸਾਡਾ ਪਰ ਅਸੀਂ ਉਹਦਾ ਬਿਜਲੀ ਦਾ ਬਿੱਲ ਵਗੈਰਾ ਸਰਪੰਚ ਦੇ ਨਾਓਂ ਤੇ ਈ ਰੱਖਿਆ ਹੋਇਆ। ਸਾਡੇ ਕੋਲ ਸਭਾ ਕੋਲ ਏਨੇ ਸੋਰਸ ਨਹੀਂਗੇ। ਉਹੀ ਸਰਪੰਚ ਈ ਬਿਜਲੀ ਦਾ ਬਿੱਲ ਭਰਦਾ। ਅਖਬਾਰ ਵਗੈਰਾ ਅਸੀਂ ਆਪਣੇ ਸੋਰਸ ਤੋਂ ਲਾਉਂਨੇ ਆਂ ਜੇ ਲਾਉਂਨੇ ਆਂ, ਕਿਤਾਬਾਂ ਸਾਨੂੰ ਮਿੱਤਰਾਂ ਦੋਸਤਾਂ ਤੋਂ ਆ ਜਾਦੀਆਂ ਨੇ ਤੇ ਹੋਰ ਕੋਈ ਪਰੋਬਲਮ ਨਹੀਂ ਸਾਨੂੰ। ਦੂਸਰੀ ਜਿਹੜੀ ਗੱਲ ਤੁਸੀਂ ਕਹੀ ਐ ਸ਼ਹਿਰੀ ਦੀ, ਸ਼ਹਿਰੀ ਸਭਾਵਾਂ ਕੋਲੇ ਸੋਰਸ ਹੁੰਦੇ ਨੇ, ਅਸੀਂ ਵੀ ਕਿਸੇ ਸਮੇਂ ਲੁਧਿਆਣੇ ਜਾ ਕੇ

ਫੰਕਸ਼ਨ ਕਰ ਲੈਂਦੇ ਸੀ। ਪੰਜਾਬੀ ਭਵਨ ਵਿੱਚ ਵੀ ਇਕ ਦੋ ਫੰਕਸ਼ਨ ਕੀਤੇ ਨੇ, ਆਖਿਰੀ ਫੰਕਸ਼ਨ ਜਦੋਂ ਅਸੀਂ ਕੀਤਾ ਐ ਅਸੀਂ 1998 ਵਿੱਚ ਮੇਰੀ ਕਿਤਾਬ 'ਪੁੰਨਿਆ ਤੋਂ ਪਹਿਲਾਂ' ਤੇ ਫੰਕਸ਼ਨ ਕੀਤਾ। ਉਥੇ ਦੋਸਤਾਂ ਨੇ ਕੁਝ ਨੁਕਤੇ ਉਠਾਏ ਕਿ ਬਈ ਤੁਸੀਂ ਏਡੀ ਦੂਰ ਆ ਕੇ ਕਿਉਂ ਕਰਦੇ ਓ, ਉਥੇ ਮੈਂ ਕਿਹਾ ਬਈ ਗੱਲ ਇਹ ਐ ਬਈ ਸਾਡੇ ਕੋਲ ਉਥੇ ਕਰਨ ਦੇ ਸੋਰਸ ਨਹੀਂ ਬਹੁਤੇ, ਏਥੇ ਸਾਨੂੰ ਕੁਰਸੀਆਂ ਫਰੀ ਮਿਲ ਜਾਂਦੀਆਂ ਨੇ। ਉਥੇ ਸਾਨੂੰ ਟੈਂਟ ਲਾਉਣਾ ਪੈਂਦਾ। ਇਥੇ ਰੋਟੀ ਵੀ ਸਸਤੀ ਹੋ ਜਾਂਦੀ ਐ ਸ਼ਹਿਰ ਚ। ਪਰ ਉਸ ਦਿਨ ਅਸੀਂ ਉਥੇ ਫੈਸਲਾ ਕਰ ਲਿਆ ਬਈ ਅੱਜ ਤੋਂ ਬਾਅਦ ਜੇ ਅਸੀਂ ਫੰਕਸ਼ਨ ਕਰਾਂਗੇ ਤਾਂ ਪਿੰਡ ਕਰਾਂਗੇ, ਨਹੀਂ ਤਾਂ ਨਹੀਂ ਕਰਾਂਗੇ। 1998 ਤੋਂ ਬਾਅਦ ਅਸੀਂ ਪਿੰਡ ਤੋਂ ਬਾਹਰ ਕੋਈ ਫੰਕਸ਼ਨ ਨਹੀਂ ਕੀਤਾ। ਅਸੀਂ ਆਪਣੇ ਸੋਰਸ ਬਣਾ ਲੈਂਨੇ ਆਂ, ਬਾਵੇਂ ਆਪਣੇ ਦੋਸਤ ਇਕੱਠੇ ਕਰਕੇ ਕਰੀਏ,ਕਿਸੇ ਤਰਾਂ ਕਰੀਏ। ਸਰਕਾਰ ਕੰਨੀ ਕੋਈ ਝਾਕ ਨਹੀਂ ਰੱਖਦੇ, ਨਾ ਸਰਕਾਰਾਂ ਦਿੰਦੀਆਂ ਹੁੰਦੀਆਂ ਨੇ, ਨਾ ਅਸੀਂ ਕਦੇ ਹੁਣ ਉਗਰਾਹੀ ਕੀਤੀ ਐ, ਪਹਿਲਾਂ ਅਸੀਂ ਉਗਰਾਹੀ ਕਰਦੇ ਰਹੇ ਹਾਂ, ਪਰ 1980 ਤੋਂ ਬਾਅਦ ਅਸੀਂ ਕੋਈ ਉਗਰਾਹੀ ਨਹੀਂ ਕੀਤੀ।

ਲੋਕ ਪੜਨਾ ਤਾਂ ਚਾਹੁੰਦੇ ਨੇ। ਇਹ ਸਾਨੂੰ ਕਿਥੋਂ ਪਤਾ ਚੱਲਦਾ ਕਿ ਲੋਕ ਪੜਨਾ ਚਾਹੁੰਦੇ ਨੇ ਜਦੋਂ ਨੈਸ਼ਨਲ ਬੁੱਕ ਟਰਸਟ ਦਿੱਲੀ ਵਾਲੇ ਸਟਾਲਾਂ ਲਾਉਂਦੇ ਨੇ ਜਾਂ ਸਾਡੇ ਦੋਸਤ ਨੇ ਅਤਰਜੀਤ ਹੁਰੀਂ, ਜਾਂ ਜਦੋਂ ਪਹਿਲਾਂ ਭਾਜੀ ਗੁਰਸ਼ਰਨ ਸਿੰਘ ਹੁਰੀਂ ਨਾਟਕ ਕਰਦੇ ਸੀ, ਸਾਡੇ ਪਿੰਡ ਵੀ ਕਰਦੇ ਸੀ। ਉਹ ਰਾਤ ਨੂੰ ਨਾਲ ਕਿਤਾਬਾਂ ਲਿਆਉਂਦੇ ਸੀਗੇ, ਉਹ ਜਦੋਂ ਕਿਤਾਬਾਂ ਲੋਕਾਂ ਕੋਲ ਪਹੁੰਚਦੀਆਂ ਨੇ ਨਾ, ਲੋਕ ਖਰਦੀਦੇ ਨੇ। ਨੈਸ਼ਨਲ ਬੁੱਕ ਟਰਸਟ ਵਾਲੇ ਆ, ਲੱਖਾਂ ਰੁਪਏ ਦੀਆਂ ਕਿਤਾਬਾਂ ਵੇਚ ਜਾਂਦੇ ਨੇ, ਅਤਰਜੀਤ ਸਕੂਲਾਂ ਚ ਕਿਤਾਬਾਂ ਵੇਚ ਜਾਂਦਾ। ਭਾਜੀ ਕਿਤਾਬਾਂ ਵੇਚ ਦਿੰਦੇ ਸੀਗੇ। ਹੁਣ ਦੀਪ ਦਿਲਬਰ ਐ, ਕਹਿਣ ਦਾ ਮਤਲਬ ਇਹ ਆ ਕਿ ਲੋਕਾਂ ਕੋਲ ਕਿਤਾਬਾਂ ਪਹੁੰਚਦੀਆਂ ਨਹੀਂ ਐਕਚੁਅਲੀ, ਆਹ ਤਾਂ ਹੈਨੀ ਬਈ ਲਾਹੌਰ ਬੁੱਕ ਸ਼ਾਪ ਤੋਂ ਜਾਂ ਕਿਤੋਂ ਹੋਰ ਕਿਸੇ ਦੁਕਾਨ ਤੋਂ ਬੰਦਾ ਸਪੈਸ਼ਲ ਕਿਤਾਬ ਲੈਣ ਜਾਊਗਾ।ਜਦੋਂ ਥੋਡੇ ਨੇੜੇ ਕਿਤਾਬਾਂ ਦੀ ਕੋਈ ਚੰਗੀ ਦੁਕਾਨ ਹੋਊਗੀ, ਸਾਡੇ ਕੋਲੇ ਸਕੂਲਾਂ, ਕਾਲਜਾਂ ਦੀਆਂ ਕਿਤਾਬਾਂ ਦੀਆਂ ਦੁਕਾਨਾਂ ਤਾਂ ਹੈਗੀਆਂ, ਪਰ ਉਹਨਾਂ ਦੁਕਾਨਾਂ ਤੇ ਸਾਹਿਤਕ ਕਿਤਾਬਾਂ ਰੱਖਣ ਦਾ ਰੁਝਾਨ ਨਹੀਂ ਹੈਗਾ। ਆ ਸਿਰਫ ਮੇਲਿਆਂ ਰਾਹੀਂ, ਹੁਣ ਪੰਜਾਬੀ ਭਵਨ ਚ ਮੇਲੇ ਲੱਗਦੇ ਨੇ ਜਾਂ ਦੇਸ਼ ਭਗਤ ਯਾਦਗਾਰ ਹਾਲ ਚ ਲੱਗਦੇ ਨੇ, ਉਥੇ ਤੁਸੀਂ ਜਾ ਕੇ ਸਰਵੇ ਕਰੋ, ਉਥੇ ਲੱਖਾਂ ਰੁਪਏ ਦੀਆਂ ਕਿਤਾਬਾਂ ਵਿਕਦੀਆਂ ਨੇ, ਇੱਕ ਦਿਨ ਲੱਖਾਂ ਦੀਆਂ ਵਿਕ ਜਾਂਦੀਆਂ ਨੇ। ਕਾਰਨ ਕੀ ਐ ਜਿਹੋ ਜਿਹੀ ਕਿਤਾਬ ਬੰਦਾ ਚਾਹੁੰਦਾ ਐ, ਉਹੀ ਜਿਹੀ ਕਿਤਾਬ ਉਸਨੂੰ ਮਿਲਦੀ ਐ, ਚੁਆਇਸ ਹੁੰਦੀ ਐ। ਦੂਜੀ ਗੱਲ ਹੋਰ ਵੀ ਐ ਕਈ ਮੇਰੇ ਵਰਗੇ ਕਹਿ ਦਿੰਦੇ ਨੇ, ਮੇਰੀ ਕਿਤਾਬ ਨਹੀਂ ਵਿਕੀ, ਬਈ ਉਹ ਕਿਤਾਬ ਕਿਉਂ ਵਿਕੇ, ਜੇ ਤੁਸੀਂ ਕੋਈ ਥੋੜੀ ਬਹੁਤੀ ਵੀ ਚੀਜ ਖ਼ਰੀਦਣੀ ਐ, ਤੁਸੀਂ ਚੁਆਇਸ ਕਰਕੇ ਖਰੀਦੋਗੇ। ਜੇ ਤੁਸੀਂ ਆਲੂ ਵੀ ਖਰੀਦਣੇ ਨੇ ਨਾ, ਤੁਸੀਂ ਚੁਆਇਸ ਕਰਕੇ ਖਰੀਦੋਗੇ ਬਈ ਇਹ ਵਧੀਆ ਆ, ਇਹ ਮਾੜਾ ਐ। ਫਿਰ ਕਿਤਾਬ ਹਰੇਕ ਕਿਉਂ ਵਿਕੇ? ਕਿਤਾਬ ਉਹ ਵਿਕੇਗੀ ਜਿਹੜੀ ਕਿ ਪੜਨ ਵਾਲੇ ਪਾਠਕ ਦਾ ਘਰ ਪੂਰਾ ਕਰੂਗੀ। ਸਾਡੇ ਕੋਲੇ ਭਾਵੇਂ ਥੋੜੇ ਆਉਂਦੇ ਨੇ। ਇਕ ਤਾਂ ਜਦੋਂ ਸਾਡੀ ਮੀਟਿੰਗ ਹੁੰਦੀ ਐ, ਜਿੰਨੇ ਲਿਖਾਰੀ ਸਾਡੇ ਕੋਲ ਆਉਂਦੇ ਉਹ ਕਿਤਾਬਾਂ ਲਿਖਾਰੀ, ਮੈਂਬਰ ਲੈ ਜਾਂਦੇ ਨੇ, ਅਗਲੇ ਮਹੀਨੇ ਮੋੜਦੇ ਨੇ, ਦੋ ਚਾਰ ਕਿਤਾਬਾਂ ਵੀ ਲੈ ਜਾਂਦੇ ਨੇ। ਉਸ ਤੋਂ ਬਿਨਾ ਇੱਕ ਹੋਰ ਰੁਝਾਨ ਦੇਖਣ ਨੂੰ ਮਿਲਿਆ ਜਿਹੜੇ ਬਜੁਰਗ ਨੇ 70 ਸਾਲ ਤੋਂ ਉਤੇ, ਉਹ ਵੀ ਮੈਂ ਦੇਖਿਆ ਟਾਇਮ ਪਾਸ ਕਰਨ ਲਈ ਉਹ ਕਿਤਾਬਾਂ ਲਿਜਾਂਦੇ ਨੇ, ਨਾਵਲ ਵੀ ਲਿਜਾਂਦੇ ਨੇ, ਧਾਰਮਿਕ ਕਿਤਾਬਾਂ ਬਹੁਤਾ ਰੁਝਾਨ ਨਹੀਂ ਹੈਗਾ, ਪਰ ਕੋਈ ਕੋਈ

ਲਿਜਾਂਦੇ ਨੇ। ਪਰ ਉਹ ਪੁਰਾਤਨ ਕਿੱਸਾ ਜਿਵੇਂ ਵਾਰਿਸ ਸ਼ਾਹ ਹੋਇਆ ਹੀਰ ਜਾਂ ਹੋਰ ਉਹ ਕਿਤਾਬਾਂ ਲੋਕ ਪੜਦੇ ਨੇ, ਪਰ ਉਹਨਾਂ ਦੇ ਟੇਸਟ ਦੇ ਮੁਤਾਬਕ ਜੇ ਹੋਣ।

ਵੇਖੋ ਜਿਥੇ ਤੱਕ ਪਹਿਲੋਂ ਵੀ ਗੱਲਾਂ ਚੱਲੀਆਂ ਨੇ, ਇੱਕ ਯੁਨਾਈਟਡ ਨੇਸ਼ਨ ਦੀ ਰਿਪੋਰਟ ਦਾ ਬਹੁਤ ਚਰਚਾ ਰਿਹਾ ਬਈ ਸਾਡੇ ਆਉਣ ਵਾਲੇ ਸਾਲਾਂ ਵਿੱਚ ਪੰਜਾਬੀ ਭਾਸ਼ਾ ਖਤਮ ਹੋ ਜਾਏਗੀ, ਇਸ ਤਰਾਂ ਹੋ ਜਾਏਗੀ। ਪੰਜਾਬੀ ਭਾਸ਼ਾ ਦਾ ਭਵਿੱਖ ਬਹੁਤ ਉਜਲ ਐ। ਪੰਜਾਬੀ ਭਾਸ਼ਾ ਬਿਲਕੁਲ ਖਤਮ ਨਹੀਂ ਹੋ ਸਕਦੀ ਕਿਉਂਕਿ ਅਸੀਂ ਭਾਸ਼ਾ ਦੇ ਨਾਲ ਡੂੰਘੇ ਜੁੜੇ ਹੋਏ ਆਂ। ਸਾਡੀ ਬਾਣੀ, ਸਾਡਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪੰਜਾਬੀ ਵਿੱਚ ਹੋਣ ਕਰਕੇ, ਅਸੀਂ ਪੰਜਾਬੀ ਦੇ ਨਾਲ ਜੁੜੇ ਰਹਿਣਾ, ਪੀੜੀ ਦਰ ਪੀੜੀ ਜੁੜੇ ਰਹਿਣਾ ਐ। ਇਹ ਸਾਨੂੰ ਫਿਕਰ ਕਰਨ ਦੀ ਲੋੜ ਨਹੀਂ ਕਿ ਪੰਜਾਬੀ ਭਾਸ਼ਾ ਕਦੇ ਖਤਮ ਹੋ ਜਾਏਗੀ। ਇਹ ਐਂਵੇ ਤੌਖਲੇ ਨੇ, ਮਗਰੋਂ ਪਤਾ ਲੱਗਿਆ ਜਦੋਂ ਵਿਦਵਾਨਾਂ ਨੇ ਜਾ ਪੜਿਆ ਕਿ ਇਹੋ ਜਿਹੀ ਰਿਪੋਰਟ ਕੋਈ ਯੂ ਐਨ ਓ ਨੇ ਪੇਸ਼ ਈ ਨਹੀਂ ਕੀਤੀ, ਜਿਹਦੇ ਵਿੱਚ 50 ਸਾਲਾਂ ਚ ਪੰਜਾਬੀ ਨੂੰ ਖਤਮ ਹੋਣ ਦੀ ਗੱਲ ਕੀਤੀ ਜਾਵੇ। ਇਹ ਗੱਲਾਂ ਊਈਂ ਉਡਾ ਦਿੰਦੇ ਨੇ। ਸਾਡਾ ਭਾਵੇਂ ਹੁਣ ਇੰਟਰਨੈਟ ਦਾ ਯੁਗ ਐ, ਟੀਵੀ ਦਾ ਯੁਗ ਐ, ਪਰ ਪੁਸਤਕ ਸਭਿਆਚਾਰ ਉਨਾ ਹੀ ਪਾਪੂਲਰ ਐ, ਪੜਿਆ ਜਾਂਦਾ। ਜਦੋਂ ਲੋਕਾਂ ਕੋਲ ਕਿਤਾਬਾਂ ਪਹੁੰਚਦੀਆਂ ਨੇ, ਲੋਕ ਖਰਦੀਦੇ ਨੇ। ਜੇ ਹੁਣ ਪਤਾ ਕਿਤਾਬ ਮਿਲੂਗੀ ਓ ਨੀਗੀ, ਫਿਰ ਕਿਸੇ ਨੇ ਲੱਭ ਕੇ ਤਾਂ ਨਹੀਂ ਖਰੀਦਣੀ। ਲਾਇਬਰੇਰੀਆਂ ਪਿੰਡਾਂ ਚ ਹੋਣ, ਅਸੀਂ ਇਹੀ ਸਰਕਾਰ ਨੂੰ ਕਹਿਨੇ ਆਂ ਕਿ ਲਾਇਬਰੇਰੀ ਨੀਤੀ ਬਣਾਈ ਜਾਵੇ, ਪਿੰਡਾਂ ਦੇ ਵਿੱਚ ਲਾਇਬਰੇਰੀਆਂ ਖੋਲ਼ੀਆਂ ਜਾਣ, ਉਥੇ ਚੰਗਾ ਸਾਹਿਤ ਉਪਲਬਧ ਕਰਵਾਇਆ ਜਾਵੇ। ਇਹਦੇ ਨਾਲ ਇੱਕ ਵੱਡਾ ਕਾਰਨ, ਇੱਕ ਵੱਡੀ ਗੱਲ ਜਿਹੜੀ ਸਾਡੇ ਚੰਗੀ ਗੱਲ ਹੋਵੇਗੀ ਕਿ ਜਦੋਂ ਸਾਡੇ ਬੱਚੇ ਸਾਹਿਤ ਨਾਲ, ਸੱਭਿਆਚਾਰ ਨਾਲ ਜੁੜਨਗੇ, ਉਹ ਨਸ਼ਿਆਂ ਤੋਂ ਆਟੋਮੈਟੀਕਲੀ ਦੂਰ ਹੁੰਦੇ ਚਲੇ ਜਾਣਗੇ ਜਿਹੜਾ ਅਸੀਂ ਨਸ਼ਿਆਂ ਚ ਗ੍ਰਸੇ ਪਏ ਆਂ, ਜੇ ਅਸੀਂ ਕੋਈ ਇੱਕ ਰਾਹ ਤੋਂ ਕਿਸੇ ਨੂੰ ਮੋੜਨਾ ਹੋਵੇ ਨਾ, ਉਹਨੂੰ ਦੂਸਰਾ ਰਾਹ ਦਿਖਾਉਣਾ ਪੈਂਦਾ। ਜੇ ਅਸੀਂ ਕੋਈ ਨਵਾਂ ਰਾਹ ਦਵਾਂਗੇ ਤਾਂ ਹੀ ਉਹ ਦੂਸਰੇ ਰਾਹ ਤੋਂ ਓਧਰ ਨੂੰ ਹੋਣਗੇ। ਪਰ ਇਹ ਸਾਨੂੰ ਕਰਨਾ ਪੈਣਾ। ਜੇ ਸਾਡੀ ਸਰਕਾਰ ਸੁਹਿਰਦ ਹੋਵੇ, ਅਸੀਂ ਕਿੰਨੇ ਵਰਿਆਂ ਤੋਂ ਲੱਗੇ ਹੋਏ ਆਂ ਅਕੈਡਮੀ ਵਲੋਂ, ਸਭਾ ਵਲੋਂ ਕਿ ਪੰਜਾਬ ਦੀ ਕੋਈ ਲਾਇਬਰੇਰੀ ਨੀਤੀ ਹੋਣੀ ਚਾਹੀਦੀ ਐ, ਪੰਜਾਬ ਦੀ ਭਾਸ਼ਾ ਨੀਤੀ ਹੋਣੀ ਚਾਹੀਦੀ ਆ। ਅਸੀਂ ਪੰਜਾਬ ਦੀ ਭਾਸ਼ਾ ਨੀਤੀ ਬਣਾਈ ਹੋਈ ਆ, ਕਾਨੂੰਨ ਬਣਾਇਆ ਹੋਇਆ, ਪਰ ਦੁਨੀਆਂ ਦਾ ਜਿੰਨੇ ਵੀ ਦੁਨੀਆਂ ਚ ਕਾਨੂੰਨ ਲਾਗੂ ਹੁੰਦੇ ਨੇ, ਉਹਨਾਂ ਚ ਇੱਕ ਸਜਾ ਦੀ ਧਾਰਾ ਹੁੰਦੀ ਐ ਬਈ ਇਹ ਕਾਨੂੰਨ ਤੋੜਨ ਵਾਲੇ ਨੂੰ ਇਹ ਸਜਾ ਹੋਏਗੀ। ਪਰ ਪੰਜਾਬੀ ਭਾਸ਼ਾ ਜਿਹੜੀ ਨੀਤੀ ਐ, ਇਹ ਕਾਨੂੰਨ ਐ ਇਹਦੇ ਚ ਸਜਾ ਈ ਨੀਗੀ। ਅਸੀਂ ਕਹਿੰਨੇ ਆਂ ਜਿੰਨਾ ਚਿਰ ਇਹਦੇ ਚ ਸਜਾ ਦੀ ਧਾਰਾ ਈ ਨੀ ਜੋੜਦੇ, ਇਹ ਲਾਗੂ ਨੀ ਹੋਣਾ। ਪੰਜਾਬੀ ਭਾਸ਼ਾ ਨੀਤੀ ਵਿੱਚ ਇਹ ਹੋਣਾ ਚਾਹੀਦਾ ਬਈ ਜਿਹੜਾ ਬੰਦਾ, ਜਿਹੜਾ ਥੋਡਾ ਮੁਲਾਜਮ ਪੰਜਾਬੀ ਵਿੱਚ ਕੰਮ ਨਹੀਂ ਕਰਦਾ, ਉਹਨੂੰ ਸਜਾ ਕੀ ਦੇਣੀ ਆ, ਉਹ ਸਜਾ ਨਿਰਧਾਰਤ ਹੋਵੇ ਪਰ ਗੌਰਮਿੰਟ ਸਜਾ ਨਿਰਧਾਰਤ ਨਹੀਂ ਕਰ ਰਹੀ। ਅਸੀਂ ਤਾਂ ਇਹ ਕਹਿੰਨੇ ਆਂ ਬਈ ਇੱਕ ਟਰਬਿਊਨਲ ਬਣਾਇਆ ਜਾਵੇ ਪੰਜਾਬੀ ਭਾਸ਼ਾ ਟਰਬਿਊਨਲ ਹੋਵੇ ਜਿਹਦੇ ਕੋਲ ਪੂਰਾ ਅਖਤਿਆਰ ਹੋਵੇ ਕਿਉਂਕਿ ਭਾਸ਼ਾ ਵਿਭਾਗ ਦਾ ਜਿਹੜਾ ਕੋਈ ਡਾਇਰੈਟਰ ਜਾਂ ਜਾਂ ਜਿਹੜਾ ਕੋਈ ਜਿਲਾ ਸਿਖਿਆ ਅਫਸਰ ਹੈ, ਜਿਹੜਾ ਭਾਸ਼ਾ ਅਫਸਰ ਐ, ਉਹ ਡੀ ਸੀ ਨੂੰ ਕਿਵੇਂ ਚੈਕ ਕਰਲੂਗਾ? ਜੇ ਭਾਸ਼ਾ

ਟਰਬਿਊਨਲ ਹੋਵੇ, ਉਹ ਵੱਡੇ ਤੋਂ ਵੱਡੇ ਅਫਸਰ ਨੂੰ ਵੀ ਚੈਕ ਕਰ ਸਕਦਾ ਤਾਂ ਹੀ ਪੰਜਾਬੀ ਭਾਸ਼ਾ ਲਾਗੂ ਹੋ ਸਕਦੀ ਆ।

ਧੰਨਵਾਦ